**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**
**ਵਣ ਭਵਨ, ਸੈਕਟਰ-68 ਮੋਹਾਲੀ**

**<u>ਜਨਤਕ ਨੋਟਿਸ</u>**

ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ **ਇਸ਼ਤਿਹਾਰ ਨੰ: 16 ਆਫ 2022 ਅਧੀਨ ਡਰਾਇਵਰ ਅਤੇ ਇਸ਼ਤਿਹਾਰ ਨੰ:01 ਆਫ 2023 ਅਧੀਨ ਡਰਾਇਵਰ/ਓਪਰੇਟਰ** ਦੀ ਸਾਂਝੀ ਲਿਖਤੀ ਪ੍ਰੀਖਿਆ ਮਿਤੀ 28-05-2023 ਨੂੰ ਹੋਣੀ ਨਿਸਚਿਤ ਕੀਤੀ ਗਈ ਸੀ, ਪਰ ਪ੍ਰਬੰਧਕੀ ਕਾਰਨਾ ਕਰਕੇ ਉਕਤ ਦੋਵਾਂ ਆਸਾਮੀਆਂ ਲਈ ਇਹ ਸਾਂਝੀ ਲਿਖਤੀ ਪ੍ਰੀਖਿਆ **ਹੁਣ ਮਿਤੀ:09.07.2023** ਨੂੰ ਲਈ ਜਾਵੇਗੀ।

2. ਸਮੂਹ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਵੱਲੋਂ ਉਕਤ ਦਰਸਾਈਆਂ ਆਸਾਮੀਆਂ ਵਿੱਚੋਂ ਕਿਸੇ ਇੱਕ ਆਸਾਮੀ ਲਈ ਅਪਲਾਈ ਕੀਤਾ ਹੈ ਤਾਂ ਉਮੀਦਵਾਰ ਵੱਲੋਂ ਸਾਂਝੀ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਗਏ ਅੰਕਾਂ ਨੂੰ ਉਸ ਅਸਾਮੀ ਲਈ ਹੀ ਵਿਚਾਰਿਆ ਜਾਵੇਗਾ ਅਤੇ ਦੂਜੀ ਆਸਾਮੀ ਤੇ ਓਮੀਦਵਾਰ ਦਾ ਕੋਈ ਕਲੇਮ ਨਹੀਂ ਹੋਵੇਗਾ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਵੱਲੋਂ ਦੋਵਾਂ ਆਸਾਮੀਆਂ ਲਈ ਅਪਲਾਈ ਕੀਤਾ ਗਿਆ ਹੈ ਤਾਂ ਉਸ ਉਮੀਦਵਾਰ ਨੂੰ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਦੋਵਾਂ ਆਸਾਮੀਆਂ ਲਈ ਵਿਚਾਰਿਆ ਜਾਵੇਗਾ।

3. ਉਮੀਦਵਾਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਭਰਤੀਆਂ ਸਬੰਧੀ ਤਾਜਾ ਜਾਣਕਾਰੀ ਲਈ ਸਮੇਂ ਸਮੇਂ ਤੇ ਬੋਰਡ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

17/05/2023

ਸਹਾਇਕ ਡਾਇਰੈਕਟਰ
ਅਧੀਨ ਸੇਵਾਵਾਂ ਚੋਣ ਬੋਰਡ ,ਪੰਜਾਬ